بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 22.04.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਮੁਖ਼ਾਲਫ਼ ਮੌਲਵੀ ਅਹਮਦੀਅਤ ਨੂੰ ਮਿਟਾਉਣ ਦਾ ਜਤਨ ਕਰਦੇ ਰਹੇ ਅਤੇ ਜਮਾਤ ਵਧੱਦੀ ਰਹੀ । ਹੁਣ ਵੀ ਇਹ ਜਤਨ ਕਰ ਰਹੇ ਹਨ ਅਤੇ ਕਰਦੇ ਰਹਿਣਗੇ ਪਰ ਰੱਬ ਦੀ ਇਹ ਤਕਦੀਰ ਹੈ ਕਿ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਅਮ ਦੇ ਇਸ ਸੱਚੇ ਗ਼ੁਲਾਮ ਦੀ ਜਮਾਤ ਨੇ ਵਧੱਣਾ ਹੈ ਅਤੇ ਵੱਧ ਰਹੀ ਹੈ ਅਤੇ ਵਧੱਦੀ ਰਹੇਗੀ, ਇੰਸ਼ਾਅਲੱਾਹ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 22 ਅਪ੍ਰੈਲ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਵਾਰ ਇਹ ਵਿਸ਼ਾ ਵਰਨਣ ਕਰ ਰਹੇ ਸਨ ਕਿ ਮਨੁੱਖ ਲਈ ਦੋ ਚੀਜ਼ਾਂ ਦੀ ਸਫ਼ਾਈ ਬਹੁਤ ਜ਼ਰੂਰੀ ਹੈ ਜਿੰਨ੍ਹਾ ਵਿੱਚੋਂ ਇਕ ਸੋਚ ਤੇ ਵਿਚਾਰ ਹੈ ਅਤੇ ਦੂਜੀ ਸੂਖਮ ਭਾਵਨਵਾਂ ਅਰਥਾਤ ਨੇਕੀ ਦੀਆਂ ਭਾਵਨਾਵਾਂ ਹਨ । ਪੱਕੇ ਤੌਰ'ਤੇ ਨੇਕ ਤੇ ਪਾਕ ਰਹਿਣ ਵਾਲੇ ਜਜ਼ਬੇ (ਭਾਵਨਾਵਾਂ) ਉਸ ਸਮੇਂ ਪੈਦਾ ਹੁੰਦੇ ਹਨ ਜੱਦ ਦਿਲ ਪੂਰੀ ਤਰ੍ਹਾਂ ਸਾਫ਼ ਹੋਵੇ ਅਤੇ ਵਿਚਾਰਾਂ ਦੀ ਸ਼ਫ਼ਾਈ ਅਰਥਾਤ ਸੋਚ ਅਤੇ ਚਿੰਤਨ ਦਾ ਹਮੇਸ਼ਾ ਸਾਫ਼ ਰਹਿਣਾ ਜਿਸ ਨੂੰ ਅਰਬੀ ਵਿੱਚ 'ਤਨਵੀਰ' (ਚਾਨਣ, ਗਿਆਨ) ਕਹਿੰਦੇ ਹਨ ਦਿਮਾਗ਼ ਦੀ ਸ਼ਫ਼ਾਈ ਨਾਲ ਪ੍ਰਾਪਤ ਹੁੰਦਾ ਹੈ । 'ਤਨਵੀਰ' ਉਸ ਗੱਲ ਨੂੰ ਕਹਿੰਦੇ ਹਨ ਕਿ ਇਨਸਾਨ ਵਿੱਚ ਅਜਿਹਾ ਨੂਰ ਪੈਦਾ ਹੋ ਜਾਵੇ ਕਿ ਹਮੇਸ਼ਾ ਹੀ ਚੰਗਾ ਵਿਚਾਰ ਪੈਦਾ ਹੋਵੇ । 'ਤਨਵੀਰ' ਜਤਨ ਕਰਕੇ ਪਵਿਤੱਰ ਵਿਚਾਰ ਪੈਦਾ ਕਰਨਾ ਨਹੀਂ ਹੈ ਸਗੋਂ ਅਜਿਹੀ ਮਹਾਰਤ ਪੈਦਾ ਹੋ ਜਾਵੇ ਕਿ ਹਮੇਸ਼ਾ ਚੰਗੇ ਵਿਚਾਰ ਹੀ ਪੈਦਾ ਹੁੰਦੇ ਰਹਿਣ । ਕਦੇ ਕਿਸੇ ਪ੍ਰਕਾਰ ਦਾ ਗ਼ਲਤ ਵਿਚਾਰ ਪੈਦਾ ਹੀ ਨ ਹੋਵੇ ਅਤੇ ਸਪਸ਼ਟ ਹੈ ਕਿ ਇਹ ਗੱਲਾਂ ਨਿਰੰਤਰ ਜਤਨ ਤੇ ਰੱਬ ਦੀ ਮਿਹਰ ਨਾਲ ਹੀ ਪੈਦਾ ਹੁੰਦੀਆਂ ਹਨ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਉਂਦੇ ਹਨ ਕਿ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਮੈਂ ਆਪ ਸੁਣਿਆ ਹੈ । ਕਈ ਵਾਰ ਜੱਦ ਆਪ ਤੋਂ ਕੋਈ ਫ਼ਿਕਹੀ (ਧਰਮ ਸ਼ਾਸਤਰ ਨਾਲ ਸੰਬੰਧਤ) ਮਸਲਾ ਪੁੱਛਿਆ ਜਾਂਦਾ ਤਾਂ ਕਿਉਂਕਿ ਇਹ ਮਸਲੇ ਬਹੁਤੇ ਉਹਨਾਂ ਨੂੰ ਹੀ ਚੇਤੇ ਹੁੰਦੇ ਹਨ ਜੋ ਹਰ ਸਮੇਂ ਇਸੇ ਕੰਮ ਵਿੱਚ ਲੱਗੇ ਰਹਿੰਦੇ ਹਨ । ਕਈ ਵਾਰ ਆਪ ਫ਼ਰਮਾਇਆ ਕਰਦੇ ਕਿ ਜਾਓ ਮੌਲਵੀ ਨੂਰੁੱਦੀਨ ਸਾਹਬ ਤੋਂ ਪੁੱਛ ਲਓ ਜਾਂ ਮੌਲਵੀ ਅਬਦੁਲ ਕਰੀਮ ਸਾਹਮ ਮਰਹੂਮ ਦਾ ਨਾਂ ਲੈਂਦੇ ਕਿ ਉਹਨਾਂ ਤੋਂ ਪੁੱਛ ਲਓ ਜਾਂ ਮੌਲਵੀ

ਸਯੱਦ ਅਹਸਨ ਸਾਹਬ ਦਾ ਨਾਂ ਲੈਕੇ ਫ਼ਰਮਾਉਂਦੇ ਕਿ ਉਹਨਾਂ ਤੋਂ ਪੁੱਛ ਲਓ ਜਾਂ ਕਿਸੇ ਹੋਰ ਮੌਲਵੀ ਦਾ ਨਾਂ ਲੈ ਲੈਂਦੇ ਅਤੇ ਕਈ ਵਾਰ ਜੱਦ ਆਪ ਦੇਖਦੇ ਕਿ ਇਸ ਮਸਲੇ ਦਾ ਹੱਲ ਕਿਸੇ ਅਜਿਹੇ ਕਾਰਜ ਨਾਲ ਸੰਬੰਧਤ ਹੈ ਜਿੱਥੇ ਮਾਮੂਰ (ਸੁਧਾਰਕ) ਹੋਣ ਦੇ ਪੱਖੋਂ ਆਪ ਲਈ ਦੁਨੀਆ ਦਾ ਮਾਰਗਦਰਸ਼ਨ ਕਰਨਾ ਜ਼ਰੂਰੀ ਹੈ ਤਾਂ ਆਪ ਆਪੇ ਹੀ ਉਹ ਮਸਲਾ ਦੱਸ ਦਿੰਦੇ । ਪਰ ਜੱਦ ਕਿਸੇ ਮਸਲੇ ਦਾ ਨਵੇਂ ਸੁਧਾਰ ਨਾਲ ਸੰਬੰਧ ਨ ਹੁੰਦਾ ਤਾਂ ਆਪ ਫ਼ਰਮਾ ਦਿੰਦੇ ਕਿ ਫਲਾਣੇ ਮੌਲਵੀ ਸਾਹਬ ਤੋਂ ਪੁੱਛ ਲਓ ਅਤੇ ਜੇਕਰ ਉਹ ਮੌਲਵੀ ਸਾਹਬ ਸਭਾ ਵਿੱਚ ਹੀ ਬੈਠੇ ਹੁੰਦੇ ਤਾਂ ਉਹਨਾਂ ਨੂੰ ਫ਼ਰਮਾਉਂਦੇ ਕਿ ਮੌਲਵੀ ਸਾਹਬ ਇਹ ਮਸਲਾ ਕਿਵੇਂ ਹੈ ਪਰ ਕਈ ਵਾਰ ਅਜਿਹਾ ਵੀ ਹੁੰਦਾ ਕਿ ਜੱਦ ਆਪ ਕਹਿੰਦੇ ਕਿ ਫ਼ਲਾਣੇ ਮੌਲਵੀ ਸਾਹਬ ਤੋਂ ਇਹ ਮਸਲਾ ਪੁੱਛ ਲਓ ਤੇ ਨਾਲ ਹੀ ਇਹ ਵੀ ਫ਼ਰਮਾ ਦਿੰਦੇ ਕਿ ਸਾਡਾ ਵਿਚਾਰ ਇਹ ਕਹਿੰਦਾ ਹੈ ਕਿ ਇਹ ਮਸਲਾ ਇਉਂ ਹੋਣਾ ਚਾਹੀਦਾ ਹੈ ਅਤੇ ਫਿਰ ਫ਼ਰਮਾਉਂਦੇ ਕਿ ਅਸੀਂ ਤਜਰਬਾ ਕੀਤਾ ਹੈ ਕਿ ਇਹ ਹੁੰਦਿਆਂ ਹੋਇਆ ਵੀ ਕਿ ਸਾਨੂੰ ਕਿਸੇ ਮਸਲੇ ਬਾਰੇ ਪਤਾ ਵੀ ਨ ਹੋਵੇ ਕਿ ਕਿਵੇਂ ਹੈ ਤਾਂ ਉਸ ਬਾਰੇ ਜੋ ਅਵਾਜ਼ ਸਾਡੇ ਸੁਭਾਵ ਵਿੱਚੋਂ ਉੱਠੇ ਬਾਦ ਵਿੱਚ ਉਸੇ ਰੰਗ ਰੂਪ ਵਿੱਚ ਹਦੀਸਾਂ ਤੇ ਸੁਨੱਤ (ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਕਾਰਜਾਂ) ਤੋਂ ਸਾਬਤ ਹੁੰਦਾ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਹ ਚੀਜ ਹੈ ਜੋ 'ਤਨਵੀਰ' (ਚਾਨਣ ਤੇ ਗਿਆਨ) ਅਖਵਾਉਂਦੀ ਹੈ । 'ਤਨਵੀਰ' ਉਸ ਗੱਲ ਨੂੰ ਕਹਿੰਦੇ ਹਨ ਕਿ ਇਨਸਾਨੀ ਦਿਮਾਗ਼ ਵਿੱਚ ਜੋ ਵਿਚਾਰ ਵੀ ਪੈਦਾ ਹੋਣ ਉਹ ਠੀਕ ਹੋਣ । ਜਿਵੇਂ ਇਕ ਤੰਦਰੁਸਥੀ ਤਾਂ ਇਹ ਹੁੰਦੀ ਹੈ ਕਿ ਮਨੁੱਖ ਕਹੇ ਕਿ ਮੈਂ ਇਸ ਸਮੇਂ ਤੰਦਰੁਸਤ ਹਾਂ ਅਤੇ ਇਕ ਤੰਦਰੁਸਤੀ ਇਹ ਹੁੰਦੀ ਹੈ ਕਿ ਮਨੁੱਖ ਅੱਗੇ ਵੀ ਤੰਦਰੁਸਤ ਰਹੇ । ਇਉਂ 'ਤਨਵੀਰ' ਉਹ ਵਿਚਾਰਾਂ ਦੀ ਦਰੁਸਤੀ ਹੁੰਦੀ ਹੈ ਜਿਸ ਦੇ ਸਿੱਟੇ ਵਿੱਚ ਭਵਿੱਖ ਵਿੱਚ ਜੋ ਵਿਚਾਰ ਵੀ ਪੈਦਾ ਹੋਣ ਚੰਗੇ ਹੀ ਹੋਣ । ਆਪ ਫ਼ਰਮਾਉਂਦੇ ਹਨ ਕਿ ਰੂਹਾਨੀ ਤਰੱਕੀ ਲਈ ਵਿਚਾਰਾਂ ਦਾ 'ਤਨਵੀਰ' (ਚਾਨਣ, ਗਿਆਨ) ਹੋਣਾ ਜ਼ਰੂਰੀ ਹੁੰਦਾ ਹੈ । ਇਸੇ ਪ੍ਰਕਾਰ ਰੂਹਾਨੀ ਤਰੱਕੀ ਲਈ 'ਤਕਵਾ' (ਸੰਜਮਤਾ) ਤੇ 'ਤਹਾਰਤ' (ਪਵਿਤੱਰਤਾ) ਦੀ ਲੋੜ ਹੁੰਦੀ ਹੈ ਅਤੇ ਹਕੀਕਤ ਇਹ ਹੈ ਕਿ ਜੋ 'ਤਨਵੀਰ' ਦੇ ਅਰਥ ਦਿਮਾਗ਼ ਬਾਰੇ ਹਨ ਉਹੋ 'ਤਕਵਾ' (ਸੰਜਮਤਾ) ਦੇ ਅਰਥ ਦਿਲ ਬਾਰੇ ਹਨ । ਲੋਕ ਆਮ ਤੌਰ'ਤੇ ਨੇਕੀ ਅਤੇ ਤਕਵਾ ਨੂੰ ਇਕ ਚੀਜ਼ ਸਮਝਦੇ ਹਨ ਜੱਦ ਕਿ ਨੇਕੀ ਉਹ ਨੇਕ (ਚੰਗਾ) ਕੰਮ ਹੈ ਜੋ ਅਸੀਂ ਕਰ ਚੁਕੇ ਹਾਂ ਜਾਂ ਕਰਨ ਦਾ ਨਿਸਚਾ ਰਖੱਦੇ ਹਾਂ ਅਤੇ 'ਤਕਵਾ' ਇਹ ਹੈ ਕਿ ਇਨਸਾਨ ਦੇ ਅੰਦਰ ਜੋ ਜਜ਼ਬੇ (ਭਾਵਨਵਾਂ) ਵੀ ਪੈਦਾ ਹੋਣ ਉਹ ਨੇਕ ਹੋਣ । ਇਉਂ ਜਿਵੇਂ ਕਿ ਪਹਿਲਾਂ ਵਰਨਣ ਹੋ ਚੁਕਿਆ ਹੈ ਕਿ ਸੋਚ ਵਿਚਾਰ ਅਤੇ ਗ਼ੌਰ (ਚਿੰਤਨ) ਜਿੰਨ੍ਹਾ ਦਾ ਦਿਮਾਗ਼ ਨਾਲ ਸੰਬੰਧ ਹੈ ਇਹ 'ਤਨਵੀਰ' ਹੈ ਅਤੇ ਜਜ਼ਬਿਆਂ (ਭਾਵਨਾਵਾਂ) ਦਾ ਨੇਕੀ ਉਪੱਰ ਹਮੇਸ਼ਾ ਕਾਇਮ ਰਾਹਿਣਾ 'ਤਕਵਾ' (ਸੰਜਮਤਾ) ਹੈ ਇਸ ਦਾ ਸੰਬੰਧ ਦਿਲ ਨਾਲ ਹੈ । ਜੱਦ ਕਦੇ ਮਨੁੱਖ ਨੂੰ ਚਿੰਤਨ ਦਾ ਗਿਆਨ ਤੇ ਮਨ ਦੀ ਸੰਜਮਤਾ ਪ੍ਰਾਪਤ ਹੋ ਜਾਵੇ ਤਾਂ ਫਿਰ ਉਹ ਬਦੀ ਦੇ ਹਮਲਿਆਂ ਤੋਂ ਸੁਰੱਖਿਅਤ ਰਹਿੰਦਾ ਹੈ ਅਤੇ ਜੱਦ ਬਦੀ ਦੇ ਹਮਲਿਆਂ ਤੋਂ ਸੁਰੱਖਿਅਤ ਰਹੇ ਤਾਂ ਫਿਰ ਅਜਿਹਾ ਇਨਸਾਨ ਰੱਬ ਦੀਆਂ ਮਿਹਰਾਂ ਹੇਠ ਆ ਜਾਂਦਾ ਹੈ । ਜਿਵੇਂ ਕਿ ਹਜਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਆਮ ਮਾਮਲਿਆਂ ਵਿੱਚ ਹਜ਼ਰ ਮਸੀਹ ਮੌਊਦ ਅਲੈਹਿ ਸਲਾਮ ਕਈ ਪ੍ਰਸ਼ਨ ਕਰਨ ਵਾਲਿਆਂ ਨੂੰ ਜਮਾਤ ਦੇ ਹੋਰਨਾ ਉਲਮਾ (ਵਿਦਵਾਨਾਂ) ਵੱਲ ਭੇਜ ਦਿਆ ਕਰਦੇ ਸਨ ਪਰ ਅਨੇਕਾਂ ਹੀ ਪ੍ਰਸ਼ਨ ਹਨ ਜੋ ਵੇਖਣ ਨੂੰ ਬਹੁਤ ਛੋਟੇ ਹਨ, ਇਸ ਵਿੱਚ ਜਮਾਤ ਦੇ ਉਲਮਾ ਦਾ ਵੀ ਸੁਧਾਰ ਫਰਮਾਇਆ ਕਰਦੇ ਸਨ ।

ਇਸ ਬਾਰੇ ਕਾਜ਼ੀ ਅਮੀਰ ਹੁਸੈਨ ਸਾਹਬ ਵਰਨਣ ਕਰਦੇ ਹਨ ਕਿ ਮੈਂ ਅਰੰਭ ਵਿੱਚ ਇਸ ਗੱਲ ਦਾ ਕਾਇਲ ਸੀ ਕਿ ਸਫ਼ਰ ਵਿੱਚ 'ਕਸਰ ਨਮਾਜ਼' ਆਮ ਹਾਲਾਤਾਂ ਵਿੱਚ ਜਾਇਜ਼ ਨਹੀਂ, ਸਗੋਂ ਕੇਵਲ ਜੰਗੀ ਹਾਲਾਤਾਂ ਵਿੱਚ ਫ਼ਸਾਦਾਂ ਦੇ

ਖ਼ੌਫ਼ ਕਰਕੇ ਜਾਇਜ਼ ਹੈ ਅਤੇ ਇਸ ਮਾਮਲੇ ਬਾਰੇ ਹਜ਼ਰਤ ਖ਼ਲੀਫ਼ਾ ਅਵੱਲ ਨਾਲ ਬਹੁਤ ਬਹਿਸ ਕੀਤਾ ਕਰਦਾ ਸੀ । ਕਾਜ਼ੀ ਸਾਹਬ ਫ਼ਰਮਾਉਂਦੇ ਹਨ ਕਿ ਜਿੰਨ੍ਹਾ ਦਿਨਾਂ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਗੁਰਦਾਸਪੁਰ ਵਿੱਚ ਮੁਕਦੱਮਾ ਸੀ ਇਕ ਵਾਰ ਮੈਂ ਵੀ ਓਥੇ ਗਿਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਲ, ਓਥੇ ਮੌਲਵੀ ਸਾਹਬ ਅਰਥਾਤ ਹਜ਼ਰਤ ਖ਼ਲੀਫ਼ਾ ਤੁਲ ਮਸੀਹ ਅਵੱਲ ਅਤੇ ਮੌਲਵੀ ਅਬਦੁਲ ਕਰੀਮ ਸਾਹਬ ਵੀ ਸਨ, ਪਰ ਜੱਦ ਜ਼ੁਹਰ ਦੀ ਨਮਾਜ਼ ਦਾ ਸਮਾਂ ਆਇਆ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਮੈਂਨੂੰ ਫ਼ਰਮਾਇਆ ਕਿ ਆਪ ਨਮਾਜ਼ ਪੜ੍ਹਾਓ ਅਰਥਾਤ ਕਾਜ਼ੀ ਸਾਹਬ ਨੂੰ ਕਿਹਾ । ਕਹਿੰਦਾ ਹਨ ਕਿ ਮੈਂ ਮਨ ਵਿੱਚ ਪਕੱਾ ਇਰਾਦਾ ਕੀਤਾ ਕਿ ਅੱਜ ਮੈਂਨੂੰ ਮੌਕਾ ਮਿਲਿਆ ਹੈ ਮੈਂ ਕਸਰ ਨਮਾਜ਼ ਨਹੀ ਕਰਾਂਗਾ ਸਗੋਂ ਪੂਰੀ ਨਮਾਜ਼ ਪੜ੍ਹਾਂਗਾ ਤਾਂ ਇਸ ਮਸਲੇ ਦਾ ਕੁਝ ਫ਼ੈਸਲਾ ਵੀ ਹੋ ਜਾਵੇਗਾ । ਜੱਦ ਪੜ੍ਹ ਲਵਾਂਗਾ ਆਪ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਤਵਾ ਦੇਣਗੇ । ਕਾਜ਼ੀ ਸਾਹਬ ਵਰਨਣ ਕਰਦੇ ਹਨ ਕਿ ਮੈਂ ਇਹ ਫ਼ੈਸਲਾ ਕਰਕੇ ਅਜੇ 'ਅਲੱਾਹੁ ਅਕਬਰ' ਕਹਿਣ ਲਈ ਹੱਥ ਹੀ ਉਠਾਏ ਸਨ ਅਤੇ ਇਸ ਨੀਯਤ ਨਾਲ ਹੱਥ ਉਠਾਏ ਸਨ ਕਿ ਨਮਾਜ਼ ਕਸਰ ਨਹੀਂ ਕਰਾਂਗਾ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਮੇਰੇ ਪਿੱਛੇ ਸੱਜੇ ਪਾਸੇ ਖੜੇ ਸਨ, ਆਪਨੇ ਝੱਟ ਕਦਮ ਅੱਗੇ ਵਧਾਏ ਅਤੇ ਮੇਰੇ ਕੰਨ੍ਹ ਕੋਲ ਆਪਣਾ ਮੂੰਹ ਕਰਕੇ ਫ਼ਰਮਾਇਆ ਕਾਜ਼ੀ ਸਾਹਬ ! ਦੋ ਹੀ ਪੜ੍ਹਾਂਗੇ ਨ ? ਮੈਂ ਅਰਜ਼ ਕੀਤੀ ਹਜ਼ੂਰ ਦੋ ਹੀ ਪੜ੍ਹਾਂਗਾ । ਕਾਜ਼ੀ ਸਾਹਬ ਕਹਿੰਦੇ ਹਨ, ਬਸ ਉਸ ਸਮੇਂ ਤੋਂ ਸਾਡਾ ਮਸਲਾ ਹਲ ਹੋ ਗਿਆ ਅਤੇ ਮੈਂ ਆਪਣਾ ਵਿਚਾਰ ਤਿਆਗ ਦਿੱਤਾ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਜ਼ਿਮਨੀ ਤੌਰ'ਤੇ ਇਹ ਵੀ ਦੱਸ ਦਿਆਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੱਖ ਵੱਖ ਮੌਕਿਆ'ਤੇ ਫ਼ਿਕਹੀ (ਧਰਮ ਸ਼ਾਸਤਰ ਨਾ ਸੰਬੰਧਤ) ਮਸਲੇ ਵਰਨਣ ਕੀਤੇ ਹੋਏ ਹਨ । ਇਹ ਨਹੀਂ ਕਿ ਹਰ ਮਸਲੇ ਨੂੰ ਉਲਮਾ ਵੱਲ ਫੇਰ ਦਿਆ ਕਰਦੇ ਸਨ ਆਪ ਵੀ ਬਿਆਨ ਕੀਤਾ ਕਰਦੇ ਸਨ । ਇਹਨਾਂ ਸਾਰਿਆਂ ਮੌਕਿਆਂ'ਤੇ ਵੱਖ ਵੱਖ ਸਭਾਵਾਂ ਵਿੱਚ ਜੋ ਆਪਨੇ ਫ਼ਿਕਹੀ ਮਸਲੇ ਵਰਨਣ ਕੀਤੇ ਹਨ ਉਹਨਾਂ ਨੂੰ ਹੁਣ ਨਜ਼ਾਰਤ ਇਸ਼ਾਅਤ (ਪ੍ਰਕਾਸ਼ਨ ਵਿਭਾਗ) ਪਾਕਿਸਤਾਨ ਨੇ 'ਫ਼ਿਕਾਹੁਲ ਮਸੀਹ' ਦੇ ਨਾਂ ਨਾਲ ਪ੍ਰਕਾਸਤ ਕੀਤਾ ਹੈ ਜਮਾਤ ਦੇ ਲੋਕਾਂ ਨੂੰ ਵੀ ਇਹਨਾਂ ਮਸਲਿਆਂ ਦੀ ਜਾਣਕਾਰੀ ਲਈ ਇਹ ਕਿਤਾਬ ਲੈਂਣੀ ਚਾਹੀਦੀ ਹੈ । ਬਹਿਰਹਾਲ ਮੈਂਨੂੰ ਵੀ ਸਮੇਂ ਸਮੇਂ ਮੌਕਾ ਮਿਲਦਾ ਰਿਹਾ ਤਾਂ ਮੈਂ ਇਹ ਮਸਲੇ ਵਰਨਣ ਕਰਦਾ ਰਹਾਂਗਾ ।

ਜੁਮਏ ਦੀ ਨਮਾਜ਼ ਨਾਲ ਜੇਕਰ ਅਸਰ ਦੀ ਨਮਾਜ਼ ਜਮਾ ਕੀਤੀ ਜਾਵੇ ਤਾਂ ਫਿਰ ਜੁਮਏ ਦੀ ਨਮਾਜ਼ ਤੋਂ ਪਹਿਲਾਂ ਸੁਨੱਤਾਂ ਪੜ੍ਹਨੀਆਂ ਚਾਹੀਦੀਆਂ ਹਨ । ਇਸ ਬਾਰੇ ਵਿਸਥਾਰ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਕ ਸਜੱਣ ਨੇ ਵਰਨਣ ਕੀਤਾ ਕਿ ਉਹ ਇਕ ਸਫ਼ਰ ਵਿੱਚ ਮੇਰੇ ਨਾਲ ਸਨ । ਮੈਂ ਜੁਮਏ ਅਤੇ ਅਸਰ ਦੀ ਨਮਾਜ਼ਾਂ ਜਮਾ ਕਰਕੇ ਪੜ੍ਹਾਈਆਂ ਅਤੇ ਜੁਮਏ ਦੀਆਂ ਪਹਿਲੀਆਂ ਸੁਨੱਤਾਂ ਵੀ ਪੜ੍ਹੀਆਂ । ਇਹ ਦੋਵੇਂ ਗੱਲਾਂ ਠੀਕ ਹਨ । ਨਮਾਜ਼ਾਂ ਦੇ ਜਮਾ ਹੋਣ ਦੀ ਸੂਰਤ ਵਿੱਚ ਸੁਨੱਤਾਂ ਮਾਫ਼ ਹੋ ਜਾਂਦੀਆਂ ਹਨ । ਇਹ ਗੱਲ ਵੀ ਠੀਕ ਹੈ ਅਤੇ ਇਹ ਵੀ ਸਹੀ ਹੈ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਜੁਮਏ ਦੀ ਨਮਾਜ਼ ਤੋਂ ਪਹਿਲਾਂ ਜੋ ਸੁਨੱਤਾਂ ਹਨ ਉਹ ਪੜ੍ਹਿਆਂ ਕਰਦੇ ਸਨ । ਮੈਂ ਉਹ ਸਫ਼ਰ ਵਿੱਚ ਵੀ ਪੜ੍ਹੀਆਂ ਹਨ ਅਤੇ ਪੜ੍ਹਦਾ ਹਾਂ । ਉਸ ਦਾ ਕਾਰਣ ਇਹ ਹੈ ਕਿ ਜੁਮਏ ਦੀ ਨਮਾਜ਼ ਤੋਂ ਪਹਿਲਾਂ ਜੋ ਨਫ਼ਲ ਪੜ੍ਹੇ ਜਾਂਦੇ ਹਨ ਉਹ ਨਮਜ਼ ਜ਼ੁਹਰ ਦੀਆਂ ਪਹਿਲੀਆਂ ਸੁਨੱਤਾਂ ਤੋਂ ਅਡਰੇ ਹਨ । ਉਹਨਾਂ ਨੂੰ ਦਰਅਸਲ ਰਸੂਲੇ ਕਰੀਕਮ ਸਲਲੱਾਹੁ ਅਲੈਹਿ ਵਸਲਅਮ ਨੇ ਜੁਮਏ ਦੇ ਸਨਮਾਨ ਵਿੱਚ ਕਾਇਮ ਕੀਤਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਫ਼ਰਮਾਉਂਦੇ ਹਨ ਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਸਫ਼ਰ ਦੇ ਮੌਕੇ'ਤੇ ਵੀ ਜੁਮਆ ਪੜ੍ਹਦਿਆਂ ਹੋਇਆਂ ਦੇਖਿਆ ਹੈ ਅਤੇ ਛਡੱਦਿਆਂ ਹੋਇਆਂ ਵੀ ਦੇਖਿਆ ਹੈ ਅਤੇ ਜੱਦ ਸਫ਼ਰ ਵਿੱਚ ਜੁਮਆ

ਪੜ੍ਹਿਆ ਜਾਵੇ ਤਾਂ ਮੈਂ ਪਹਿਲੀਆਂ ਸੁਨੱਤਾਂ ਪੜ੍ਹਿਆ ਕਰਦਾ ਹਾਂ ਅਤੇ ਮੇਰੀ ਰਾਏ ਇਹੋ ਹੈ ਕਿ ਉਹ ਪੜ੍ਹਨੀਆਂ ਚਾਹੀਦੀਆਂ ਹਨ ਅਤੇ ਇਹੋ ਸਾਧਾਰਣ ਤੌਰ'ਤੇ ਫ਼ਤਵਾ ਹੈ ਕਿਉਕਿ ਉਹ ਆਮ ਸੁਨੱਤਾਂ ਤੋਂ ਵੱਖ ਹਨ ਅਤੇ ਜੁਮਏ ਦੇ ਸਨਮਾਨ ਵੱਜੋਂ ਹਨ।

ਮਨੁੱਖੀ ਜੀਵਨ ਵਿੱਚ ਖ਼ੁਸੀ ਦੇ ਮੌਕੇ ਵਿਅਕਤੀਗੱਤ ਵੀ ਹੁੰਦੇ ਹਨ ਜਮਾਤੀ ਵੀ ਆਉਂਦੇ ਹਨ ਅਤੇ ਦੇਸ਼ ਦੇ ਵੀ ਹੁੰਦੇ ਹਨ ਅਤੇ ਖ਼ੁਸ਼ੀ ਦੇ ਮੌਕਿਆਂ ਉਪੱਰ ਇਹਨਾਂ ਦਾ ਪ੍ਰਗਟਾਵਾ ਵੀ ਹੁੰਦਾ ਹੈ ਪਰ ਕਈ ਲੋਕ ਇਸ ਵਿੱਚ ਵਾਧੇ ਘਾਟੇ ਦਾ ਸ਼ਿਕਾਰ ਹੋ ਜਾਂਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜੋ ਇਸ ਜ਼ਮਾਨੇ ਵਿੱਚ ਸਾਨੂੰ ਇਸਲਾਮੀ ਸਿੱਖਿਆ ਅਨੁਸਾਰ ਸੰਜਮ ਦੇ ਮਾਰਗਾਂ ਉਪੱਰ ਚਲਾਉਣ ਲਈ ਆਏ ਹਨ ਆਪ ਨੇ ਸਾਨੂੰ ਨਿੱਕੀਆਂ ਨਿੱਕੀਆਂ ਚੀਜਾਂ ਬਾਰੇ ਵੀ ਨਿਰਦੇਸ਼ਨ ਫ਼ਰਮਾਇਆ । ਧਾਰਮਕ ਮਾਮਲਿਆਂ ਵਿੱਚ ਵੀ ਅਤੇ ਸੰਸਾਰਕ ਮਾਮਲਿਆਂ ਵਿੱਚ ਵੀ । ਨਮਾਜ਼ ਦਾ ਵਰਨਣ ਤਾਂ ਮੈਂ ਕਰ ਆਇਆਂ ਹਾਂ । ਹੁਣ ਇਕ ਜ਼ਾਹਿਰੀ ਸੰਸਾਰਕ ਖ਼ੁਸ਼ੀ ਦੇ ਮੌਕੇ'ਤੇ ਕਿਵੇਂ ਪ੍ਰਗਟਾਵਾ ਹੋਣਾ ਚਾਹੀਦਾ ਹੈ ਇਸ ਬਾਰੇ ਆਪ ਅਲੈਹਿ ਸਲਾਮ ਨੇ ਕੀ ਨਿਰਦੇਸ਼ ਦਿੱਤਾ ਹੈ ਇਸ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਅਮਲਾਂ ਨੂੰ ਸਾਡੇ ਸਾਹਮਣੇ ਰੱਖਿਆ ਹੈ ਮੈਂ ਪੇਸ਼ ਕਰਦਾ ਹਾਂ । ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਚਾਨਣ ਕਰਨਾ ਸਾਬਤ ਹੈ । ਮਲਕਾ ਵਿਕਟੋਰੀਆ ਦੀ ਜੁਬਲੀ ਸਮੇਂ ਚਾਨਣ ਕੀਤਾ ਗਿਆ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਰੰਗ ਵਿੱਚ ਜੋ ਖ਼ੁਸ਼ੀ ਦਾ ਪ੍ਰਗਟਵਾ ਕੀਤਾ ਉਹ ਆਪਣੇ ਅੰਦਰ ਇਕ ਦਾਨਾਈ ਰਖੱਦਾ ਹੈ ਜਿਵੇਂ ਕਿ ਇਕ ਮੋਮਿਨ ਦੀ ਹਰ ਗੱਲ ਆਪਣੇ ਅੰਦਰ ਇਕ ਖ਼ੂਬੀ ਰਖੱਦੀ ਹੈ । ਚਾਨਣਾ ਵਿਸ਼ੇਸ਼ ਕਰਕੇ ਜੱਦ ਉੱਚੇ ਪਧੱਰ'ਤੇ ਕੀਤਾ ਜਾਵੇ ਅਤੇ ਹਰ ਘਰ ਵਿੱਚ ਕਰਨਾ ਜ਼ਰੂਰੀ ਕਰਾਰ ਦਿੱਤਾ ਜਾਵੇ । ਇਸ'ਤੇ ਐਨ੍ਹਾ ਬਹੁਤਾ ਖਰਚਾ ਆ ਜਾਂਦਾ ਹੈ ਕਿ ਇਸ ਦੇ ਟਾਕਰੇ'ਤੇ ਇਸ ਦਾ ਕੋਈ ਵਾਸਤਵਿਕ ਲਾਭ ਦਿਖਾਈ ਨਹੀਂ ਦਿੰਦਾ । ਹਾਂ, ਜਿੱਥੇ ਇਸ ਦੀ ਦੇਸ਼ ਦੀ ਅਤੇ ਰਾਜਨੀਤਿਕ ਜ਼ਰੂਰਤ ਹੋਵੇ ਜਾਂ ਜਿੱਥੇ ਬਹੁਤੀ ਰੋਸ਼ਨੀ ਦੀ ਲੋੜ ਹੋਵੇ ਓਥੇ ਜੇਕਰ ਕੀਤੀ ਜਾਵੇ ਤਾਂ ਕੋਈ ਹਰਜ ਨਹੀਂ ਜਿਵੇਂ ਕਿ ਹਜ਼ਰਤ ਉਮਰ ਰਜ਼ੀ ਅਲੱਹ ਅਨਹੁ ਵੱਲੋਂ ਮਸਜਿਦਾਂ ਵਿੱਚ ਬਹੁਤੀ ਰੋਸ਼ਨੀ ਦਾ ਪ੍ਰਬੰਧ ਕੀਤਾ ਗਿਆ ਸੀ । ਮਸਜਿਦ ਇਕ ਅਜਿਹੀ ਥਾਂ ਹੈ ਜਿੱਥੇ ਬਹੁਤੀ ਰੋਸ਼ਨੀ ਦੀ ਲੋੜ ਹੈ ਕਿਉਂਕਿ ਲੋਕ ਓਥੇ ਕੁਰਆਨ ਸ਼ਰੀਫ਼ ਪੜ੍ਹਦੇ ਹਨ ਜਾਂ ਧਾਰਮਕ ਕਿਤਾਬਾਂ ਦਾ ਅਧਿਐਨ ਕਰਦੇ ਹਨ । ਸੋ ਜੇਕਰ ਹਜ਼ਰਤ ਉਮਰ ਨੇ ਮਸਜਿਦ ਵਿੱਚ ਬਹੁਤੀ ਰੋਸ਼ਨੀ ਦਾ ਪ੍ਰਬੰਧ ਕੀਤਾ ਤਾਂ ਇਸ ਵਿੱਚ ਖ਼ੂਬੀ ਇਹ ਸੀ । ਨਹੀਂ ਤਾਂ ਜਿੱਥੋਂ ਤੱਕ ਅਸੀਂ ਦੇਖਦੇ ਹਾਂ ਇਸਲਾਮ ਵਿੱਚ ਖ਼ੁਸ਼ੀਆਂ ਅਜਿਹੇ ਢੰਗ ਵਿਚ ਮਨਾਈਆਂ ਜਾਂਦੀਆਂ ਹਨ ਕਿ ਮਾਨਵਤਾ ਨੂੰ ਇਸ ਤੋਂ ਵੱਧ ਤੋਂ ਵੱਧ ਲਾਭ ਪਹੁੰਚ ਸਕੇ । ਉਧਾਰਣ ਲਈ ਈਦ ਹੈ ਇਸ ਵਿੱਚ ਕੁਰਬਾਨੀ ਕਰਨ ਨਾਲ ਗ਼ਰੀਬਾਂ ਨੂੰ ਮਾਸ ਮਿਲਦਾ ਹੈ । ਈਦੁਲ ਫ਼ਿਤਰ ਦੇ ਮੌਕੇ'ਤੇ ਫਿਤਰਾਨਾ ਰਾਹੀਂ ਗ਼ਰੀਬਾ ਦੀ ਮਦਦ ਕੀਤੀ ਜਾਂਦੀ ਹੈ । ਇਉਂ ਇਸਲਾਮ ਨੇ ਜਿੱਥੇ ਵੀ ਖ਼ੁਸ਼ੀ ਮਨਾਉਣ ਦਾ ਹੁਕੁਮ ਦਿਤੱਾ ਹੈ ਇਸ ਗੱਲ ਉਪੱਰ ਜ਼ੋਰ ਦਿੱਤਾ ਹੈ ਕਿ ਅਜਿਹੇ ਰੰਗ ਵਿੱਚ ਮਨਾਈ ਜਾਵੇ ਕਿ ਦੇਸ਼ ਅਤੇ ਮਾਨਵਤਾ ਨੂੰ ਵੱਧ ਤੋਂ ਵੱਧ ਲਾਭ ਪਹੁੰਚੇ । ਪਰ ਚਾਨਣ ਦੀ ਅਵਸਥਾ ਵਿੱਚ ਕੋਈ ਅਜਿਹਾ ਲਾਭ ਨਹੀਂ ਹੋ ਸਕਦਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਚਾਨਣ ਕਰਾਇਆ ਉਹ ਇਕ ਰਾਜਨੀਤਿਕ ਸਵਾਰਥ ਉਪੱਰ ਅਧਾਰਤ ਸੀ ਅਤੇ ਇਸੇ ਪ੍ਰਕਾਰ ਕਈ ਵਾਰ ਆਪ ਸਾਨੂੰ ਆਤਸ਼ਬਾਜ਼ੀ ਵੀ ਲੈਕੇ ਦਿਆ ਕਰਦੇ ਸਨ ਤਾਂ ਜੋ ਬੱਚਿਆਂ ਦਾ ਦਿਲ ਖ਼ੁਸ਼ ਹੋਵੇ ਅਤੇ ਫ਼ਰਮਾਇਆ ਕਰਦੇ ਸਨ ਕਿ ਗੰਧਕ ਦੇ ਬਲ੍ਹਣ ਨਾਲ ਕੀਟਾਣੂ (ਜਰਮ) ਮਰ ਜਾਂਦੇ ਹਨ । ਕੇਵਲ ਬੱਚਿਆਂ ਦਾ ਦਿਲ ਖ਼ੁਸ਼ ਕਰਨ ਲਈ ਨਹੀਂ ਸਗੋਂ ਆਤਸ਼ਬਾਜ਼ੀ ਵਿੱਚ ਗੰਧਕ ਹੁੰਦੀ ਹੈ ਉਸ ਦੇ ਬਲ੍ਹਣ ਨਾਲ ਵਾਤਾਵਰਣ ਸਾਫ਼ ਹੁੰਦਾ ਹੈ । ਇਉਂ ਆਪ ਨੇ ਕਈ ਵਾਰ ਸਾਨੂੰ ਅਨਾਰ ਅਤੇ ਫੁਲਝੜੀਆਂ ਆਦਿ ਮੰਗਵਾ ਕੇ ਦਿੱਤੀਆਂ । ਬੱਚੇ ਜੇਕਰ ਥੋੜੀ ਦੇਰ ਮਨੋਰੰਜਨ ਕਰ ਲੈਂਣ ਤਾਂ ਕੋਈ ਹਰਜ ਨਹੀਂ । ਉਹਨਾਂ ਦੇ ਜਜ਼ਬਾਤ (ਭਾਵਨਾਵਾਂ) ਨੂੰ ਉਕੱਾ ਹੀ ਦੱਬ ਨ ਦਿੱਤਾ ਜਾਵੇ । ਬੱਚਿਆਂ ਵਿੱਚ ਇਹ

ਅਹਿਸਾਸ ਵੀ ਰਹੇ ਕਿ ਉਹਨਾਂ ਨੂੰ ਉਹਨਾਂ ਦੇ ਜੋ ਖੇਡਣ ਕੁਦੱਣ ਦੀ ਜੋ ਉਮਰ ਹੈ ਉਸ ਵਿੱਚ ਇਸਲਾਮ ਉਹਨਾਂ ਦੇ ਜਾਇਜ਼ ਮੰਗਾ ਨੂੰ ਰੱਦ ਨਹੀ ਕਰਦਾ । ਉਧਾਰਣ ਲਈ ਰੋਸ਼ਨੀ ਕਰਨਾ ਹੈ ਆਤਸ਼ਬਾਜ਼ੀ ਹੈ ਜਿੱਥੇ ਉਹਨਾਂ ਨੂੰ ਦੇਸ਼ ਦੀ ਸਾਮੂਹਿਕ ਖ਼ੁਸ਼ੀ ਵਿੱਚ ਇਹ ਸ਼ਾਮਲ ਕਰਦੀਆਂ ਹਨ ਉਹਨਾਂ ਤੋਂ ਦੇਸ਼ ਨਾਲ ਇਕ ਸੰਬੰਧ ਦਾ ਪ੍ਰਗਟਾਵਾ ਵੀ ਹੁੰਦਾ ਹੈ ਅਤੇ ਬੱਚਿਆ ਦਾ ਮਨੋਰੰਜਨ ਵੀ ਹੋ ਜਾਂਦਾ ਹੈ । ਸੋ, ਮਹੋਲ ਪੱਖੋ ਦਰਮਿਆਨੇ ਜਿਹੇ ਰਹਿੰਦਿਆਂ ਹੋਇਆਂ ਕੋਈ ਫ਼ੰਕਸ਼ਨ ਕਰਨ ਵਿੱਚ ਕੋਈ ਹਰਜ ਨਹੀਂ ਹੈ ਪਰ ਬੱਚਿਆਂ ਨੂੰ ਇਹ ਬਚਪੁਨੇ ਵਿੱਚ ਹੀ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਇਸਲਾਮੀ ਸਿੱਖਿਆ ਦੇ ਦਾਇਰੇ ਤੇ ਦੇਸ਼ ਦੇ ਕਾਨੂਨੀ ਦਾਇਰੇ ਵਿੱਚ ਰਹਿ ਕੇ ਹੀ ਅਸੀਂ ਇਹ ਸਾਰੀਆਂ ਗੱਲਾਂ ਕਰਦੇ ਹਾਂ ਅਤੇ ਕਰਾਂਗੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਆਪਣੇ ਬਚਪਨ ਦੀਆਂ ਦੋ ਗਲੱਾਂ ਵਰਨਣ ਕਰਦਿਆਂ ਹੋਇਆਂ ਫ਼ਰਮਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਵਾਰ ਮੁਲਤਾਨ ਗਏ ਮੈਂ ਵੀ ਆਪ ਦੇ ਨਾਲ ਸੀ ਵਾਪਸੀ ਉਪੱਰ ਆਪ ਲਾਹੌਰ ਠਹਿਰੇ । ਓਥੇ ਉਹਨਾਂ ਦਿਨਾਂ ਵਿੱਚ ਮੋਮੀ ਤਸਵੀਰਾਂ ਦਿਖਾਈ ਜਾ ਰਹੀਆਂ ਸਨ ਅਰਥਾਤ ਮੋਮ ਨਾਲ ਤਸਵੀਰਾਂ ਬਣਾਈਆਂ ਜਾਂਦੀਆਂ ਸਨ ਜਾਂ ਬੁੱਤ ਜਿਹੇ ਬਣਾਏ ਜਾਂਦੇ ਸਨ, ਜਿੰਨ੍ਹਾ ਰਾਹੀਂ ਵੱਖ ਵੱਖ ਬਾਦਸ਼ਾਹਾਂ ਅਤੇ ਉਹਨਾਂ ਦੇ ਦਰਬਾਰਾਂ ਦੇ ਹਾਲਾਤ ਦੱਸੇ ਜਾਂਦੇ ਸਨ । ਸ਼ੇਖ਼ ਰਹਮਾਤੁਲੱਾਹ ਸਾਹਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਅਰਜ਼ ਕੀਤੀ ਕਿ ਇਹ ਇਕ ਗਿਆਨ ਵਰਧਕ ਚੀਜ ਹੈ । ਆਪ ਇਸ ਨੂੰ ਦੇਖਣ ਲਈ ਚਲੱਣ ਪਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਨਕਾਰ ਕਰ ਦਿੱਤਾ । ਇਸ ਦੇ ਬਾਦ ਉਹਨਾਂ ਨੇ ਮੈਂਨੂੰ ਜ਼ੋਰ ਦੇਣਾ ਅਰੰਭ ਕਰ ਦਿਤੱਾ ਕਿ ਮੈਂ ਚਲ ਕੇ ਉਹ ਮੋਮੀ ਮੁਜਸੱਮੇ (ਬੁੱਤ) ਦੇਖਾਂ । ਮੈਂ ਕਿਉਂਕਿ ਬਚੱਾ ਸੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪਿੱਛੇ ਪੈ ਗਿਆ ਕਿ ਮੈਂਨੂੰ ਮੁਜਸੱਮੇ ਦਿਖਾਉਣ, ਇਉਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਮੇਰੇ ਹੱਠ ਕਰਨ ਉਪਰੰਤ ਮੈਂਨੂੰ ਆਪਣੇ ਨਾਲ ਲੈ ਗਏ । ਹੁਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੇਵਲ ਇਸ ਲਈ ਹਾਮੀ ਭਰੀ ਅਤੇ ਕੇਵਲ ਇਸ ਲਈ ਲੈਕੇ ਗਏ ਕਿ ਲੋਕਾਂ ਨੇ ਉਸ ਦੀ ਬਹੁਤ ਤਾਰੀਫ਼ ਕੀਤੀ ਸੀ ਕਿ ਇਹ ਇਕ ਗਿਆਨ ਵਰਧਕ ਤੇ ਇਤਿਹਾਸਕ ਚੀਜ਼ ਹੈ ਇਸ ਨੂੰ ਦੇਖਣ ਵਿੱਚ ਕੋਈ ਹਰਜ ਨਹੀਂ । ਕੇਵਲ ਬੱਚੇ ਦੀ ਜ਼ਿੱਦ (ਹੱਠ) ਨੂੰ ਦੇਖਕੇ ਨਹੀਂ ਚੱਲ ਪਏ ਸਨ । ਜੇਕਰ ਆਪ ਸਮਝਦੇ ਕਿ ਇਹ ਇਕ ਅਜਿਹੀ ਗੱਲ ਹੈ ਜੋ ਇਸਲਾਮੀ ਸਿੱਖਿਆ ਦੇ ਵਿਰੁਧ ਹੈ ਤਾਂ ਬੇਸ਼ਕ ਬਚੱਾ ਜ਼ਿੱਦ ਕਰਦਾ ਪਰ ਆਪ ਨ ਜਾਂਦੇ । ਸੋ, ਇਕ ਗਿਆਨ ਵਰਧਕ ਚੀਜ਼ ਸੀ ਇਸ ਲਈ ਆਪ ਬੱਚੇ ਨੂੰ ਨਾਲ ਲੈਕੇ ਦੇਖਣ ਚਲੇ ਗਏ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਫ਼ਰਮਾਉਂਦੇ ਹਨ ਕਿ ਦੂਜੀ ਗੱਲ ਜੋ ਮੈਂਨੂੰ ਚੇਤੇ ਹੈ ਉਹ ਇਹ ਹੈ ਕਿ ਮੁਫ਼ਤੀ ਮੁਹਮੱਦ ਸਾਦਕ ਸਾਹਬ ਜਾਂ ਉਹਨਾਂ ਦਾ ਕੋਈ ਬਚੱਾ ਬਿਮਾਰ ਸੀ ਅਤੇ ਆਪ ਉਸਨੂੰ ਦੇਖਣ ਲਈ ਗਏ ਸਨ ਸ਼ਹਿਰ ਵਿੱਚੋਂ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵਾਪਸ ਪਰਤ ਰਹੇ ਸਨ ਕਿ ਸੁਨਹਿਰੀ ਮਸਜਿਦ ਦੀ ਸੀੜ੍ਹੀਆਂ ਕੋਲ ਮੈਂ ਇਕ ਵੱਡੀ ਭੀੜ ਦੇਖੀ ਜੋ ਗਾਲ੍ਹਾਂ ਕੱਢ ਰਹੀ ਸੀ । ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਗੱਡੀ ਨੇੜਿਓਂ ਲੰਘੀ ਤਾਂ ਭੀੜ ਨੂੰ ਦੇਖਕੇ ਮੈਂ ਸਮਝਿਆ ਕਿ ਇਹ ਵੀ ਕੋਈ ਮੇਲਾ ਹੈ, ਸੋ, ਮੈਂ ਨਜ਼ਾਰਾ ਦੇਖਣ ਲਈ ਗੱਡੀ ਵਿੱਚੋਂ ਆਪਣਾ ਸਿਰ ਕੱਢਿਆ । ਉਸ ਸਮੇਂ ਦੀ ਇਹ ਘਟੱਣਾ ਮੈਂਨੂੰ ਅੱਜ ਤੱਕ ਨਹੀਂ ਭੁੱਲੀ ਕਿ ਮੈਂ ਦੇਖਿਆ ਕਿ ਇਕ ਵਿਅਕਤੀ ਜਿਸ ਦਾ ਹੱਥ ਵੱਡਿਆ ਹੋਇਆ ਸੀ ਅਤੇ ਜਿਸ'ਤੇ ਹਲਦੀ ਦੀ ਪੱਟੀ ਬੰਨ੍ਹੀ ਹੋਈ ਸੀ ਉਹ ਵੱਡੇ ਜੋਸ਼ ਨਾਲ ਆਪਣੇ ਟੁੰਡੇ ਹੱਥ ਨੂੰ ਦੂਜੇ ਹੱਥ ਉਪੱਰ ਮਾਰ ਕੇ ਕਹਿੰਦਾ ਜਾ ਰਿਹਾ ਸੀ ਕਿ ਮਿਰਜ਼ਾ ਦੌੜ ਗਿਆ ਮਿਰਜ਼ਾ ਦੌੜ ਗਿਆ ।

ਹੁਣ ਦੇਖੋ ਇਕ ਵਿਅਕਤੀ ਜ਼ਖ਼ਮੀ ਹੈ ਉਸ ਦੇ ਹੱਥ ਉਪੱਰ ਪੱਟੀ ਬੰਨ੍ਹੀ ਹੋਈ ਹੈ ਪਰ ਉਹ ਮੁਖ਼ਲਫ਼ਤ ਦੇ ਜੋਸ਼ ਵਿੱਚ ਸਮਝਦਾ ਹੈ ਕਿ ਮੈਂ ਆਪਣੇ ਟੁੰਡੇ ਹੱਥ ਨਾਲ ਹੀ ਨਊਜ਼ਬਿਲੱਾਹ ਅਹਮਦੀਅਤ ਨੂੰ ਖ਼ਤਮ ਕਰ ਦਿਆਂਗਾ ਜਾਂ ਅਹਮਦੀਅਤ ਨੂੰ ਦਫ਼ਨ ਕਰ ਆਵਾਂਗਾ ਇਹ ਕਿੰਨ੍ਹੀ ਖ਼ਤਰਨਾਕ ਦੁਸ਼ਮਣੀ ਹੈ ਜੋ ਲੋਕਾਂ ਦੇ ਦਿਲਾ ਵਿੱਚ ਪਾਈ ਜਾਂਦੀ ਹੈ ਅਤੇ ਕਿਵੇਂ ਕਿਵੇਂ ਉਹਨਾਂ ਨੇ ਜ਼ੋਰ ਲਾਇਆ ਕਿ ਲੋਕ ਕਾਦੀਆਂ ਨ ਆਉਣ ਅਤੇ ਅਹਮਦੀਅਤ ਕੁਬੂਲ ਨ ਕਰਨ । ਅਜਿਹੇ ਕਈ ਲੋਕ

ਅਹਮਦੀਅਤ ਵਿੱਚ ਮੌਜੂਦ ਹਨ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਕਾਦੀਆਂ ਆਉਣ ਦੇ ਇਰਾਦੇ ਨਾਲ ਬਟਾਲੇ ਤੱਕ ਆਏ ਪਰ ਫਿਰ ਉਹਨਾਂ ਨੂੰ ਮੌਲਵੀ ਮੁਹਮੱਦ ਹੁਸੈਨ ਬਟਾਲਵੀ ਨੇ ਵਾਪਸ ਪਰਤਾ ਦਿੱਤਾ । ਇਉਂ ਆਪ ਫ਼ਰਮਾਉਂਦੇ ਹਨ ਕਿ ਮੈਂ ਸੁਣਿਆ ਹੈ ਕਿ ਮੌਲਵੀ ਅਬਦੁਲ ਮਾਜਿਦ ਸਾਹਬ ਭਾਗਲਪੁਰੀ ਵੀ ਇਸੇ ਲਈ ਸ਼ੁਰੂ ਵਿੱਚ ਅਹਮਦੀਅਤ ਕੁਬੂਲ ਕਰਨ ਤੋਂ ਵਾਂਜੇ ਰਹਿ ਗਏ ਜੱਦ ਉਹ ਬਟਾਲੇ ਆਏ ਤਾਂ ਮੌਲਵੀ ਮੁਹਮੱਦ ਹੁਸੈਨ ਬਟਾਲਵੀ ਨੇ ਉਹਨਾਂ ਨੂੰ ਵਰਗਲਾ ਕੇ ਵਾਪਸ ਕਰ ਦਿਤੱਾ ਅਤੇ ਇਹੋ ਮੌਲਵੀ ਮੁਹਮੱਦ ਹੁਸੈਨ ਸਾਹਬ ਦਾ ਪ੍ਰਤੀਦਿਨ ਦਾ ਸੁਗ਼ਲ ਰਹਿੰਦਾ ਸੀ । ਉਹ ਪ੍ਰਤੀਦਿਨ ਰੇਲਵੇ ਸਟੇਸ਼ਨ ਉਪੱਰ ਜਾ ਪਹੁੰਚਦੇ ਅਤੇ ਜੱਦ ਕਈ ਲੋਕ ਕਾਦੀਆਂ ਜਾਂਣ ਦੇ ਇਰਾਦੇ ਨਾਲ ਉਤਰਦੇ ਤਾਂ ਉਹ ਉਹਨਾਂ ਨੂੰ ਕਹਿੰਦੇ ਕਿ ਓਥੇ ਜਾਕੇ ਕੀ ਲਓਗੇ । ਓਥੇ ਜਾਕੇ ਈਮਾਨ ਖ਼ਰਾਬ ਹੋ ਜਾਵੇਗਾ ਅਤੇ ਕਈ ਲੋਕ ਉਹਨਾਂ ਨੂੰ ਆਲਮ (ਵਿਦਵਾਨ) ਸਮਝਕੇ ਵਾਪਸ ਚਲੇ ਜਾਂਦੇ ਅਤੇ ਵਿਚਾਰ ਕਰਦੇ ਕਿ ਮੌਲਵੀ ਮੁਹਮੱਦ ਹੁਸੈਨ ਸਾਹਬ ਜੋ ਕੁਝ ਕਹਿ ਰਹੇ ਹਨ ਇਹ ਸੱਚ ਹੋਵੇਗਾ । ਇਹ ਸਭ ਕੁਝ ਮੌਲਵੀਆਂ ਦੀ ਵਿਰੋਧਤਾ ਕਰਕੇ ਹੀ ਸੀ । ਉਹਨਾ ਨੇ ਲੋਕਾਂ ਨੂੰ ਵੀ ਐਨ੍ਹਾ ਭੜਕਾ ਦਿਤੱਾ ਸੀ ਕਿ ਉਹ ਟੁੰਡਾ ਵੀ ਬੇਚਾਰਾ ਨਾਰੇ ਮਾਰ ਰਿਹਾ ਸੀ ।

ਬਹਿਰਹਾਲ ਇਹ ਉਲਮਾ ਜਤਨ ਕਰਦੇ ਰਹੇ ਹਨ ਅਤੇ ਜਮਾਤ ਵਧੱਦੀ ਰਹੀ । ਹੁਣ ਵੀ ਇਹ ਜਤਨ ਕਰ ਰਹੇ ਹਨ ਅਤੇ ਕਰਦੇ ਰਹਿਣਗੇ ਪਰ ਰੱਬ ਦੀ ਇਹ ਤਕਦੀਰ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਇਸ ਸੱਚੇ ਗ਼ੁਲਾਮ ਦੀ ਜਮਾਤ ਨੇ ਵਧੱਣਾ ਹੈ ਅਤੇ ਵੱਧ ਰਹੀ ਹੈ ਅਤੇ ਵਧੱਦੀ ਰਹੇਗੀ, ਇੰਸ਼ਾਅਲੱਾਹ ।

ਅਲੱਾਹ ਤਆਲਾ ਸਾਨੂੰ ਵੀ ਇਹ ਤੌਫ਼ੀਕ ਦੇਵੇ ਕਿ ਅਸੀਂ ਆਪਣੇ ਅੰਦਰ ਉਹ ਹਕੀਕੀ ਤਬਦੀਲੀ ਪੈਦਾ ਕਰੀਏ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਡੇ ਵਿੱਚ ਚਾਹੁੰਦੇ ਹਨ ਅਤੇ ਹਕੀਕੀ ਮੁਸਲਮਾਨਾਂ ਦਾ ਨਮੂਨਾ ਬਣੀਏ । ਆਪਣੇ ਵਿਚਾਰਾਂ ਤੋਂ ਸੋਚਾਂ ਵਿੱਚ ਰੌਸ਼ਨੀ ਪੈਦਾ ਕਰੀਏ ਅਤੇ ਆਪਣੇ ਦਿਲਾਂ ਨੂੰ ਵੀ ਤਕਵਾ (ਸੰਜਮਤਾ) ਨਾਲ ਭਰੀਏ ।

**Khulasa Khutba 22.04.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131